# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਦਫ਼ਤਰ ਡੀਨ, ਅਕਾਦਮਿਕ ਮਾਮਲੇ**

ਡਿਸਪੈਚ ਨੰ. 13344/ਡੀ.ਏ.ਏ.
ਮਿਤੀ: 04.09.2020

ਪੰਜਾਬ ਸਰਕਾਰ ਵਲੋਂ ਜਾਰੀ ਪੱਤਰ ਨੰ. SS/ACSH/2020/560 dated 31 July, 2020 ਅਤੇ SS/ACSH/2020/595 dated 21 August, 2020 ਦੀ ਲਗਾਤਾਰਤਾ ਵਿੱਚ ਜਾਰੀ ਪੱਤਰ ਨੰ. SS/ACSH/2020/604 dated 31 August, 2020 ਅਤੇ ਇਨ੍ਹਾਂ ਤੋਂ ਇਲਾਵਾ ਸਮੇਂ-ਸਮੇਂ ਤੇ ਜਾਰੀ ਗਾਈਡਲਾਈਨਜ਼ ਦੀ ਲੋਅ ਵਿੱਚ ਕੋਵਿਡ-19 ਮਹਾਂਮਾਰੀ ਦੇ ਮੱਦੇਨਜ਼ਰ ਅਤੇ ਅਜੋਕੇ ਸਥਾਨਕ ਹਲਾਤਾਂ ਨੂੰ ਮੁਖ ਰੱਖਦੇ ਹੋਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਕੈਂਪਸ/ਰਿਜ਼ਨਲ ਸੈਂਟਰਜ਼/ਨੇਬਰਹੁੱਡ ਕੈਂਪਸਿਜ਼/ਕਾਂਸਟੀਚੂਐਂਟ ਕਾਲਜਾਂ ਲਈ ਹੇਠ ਲਿਖੇ ਅਨੁਸਾਰ ਗਾਈਡਲਾਈਨਜ਼ ਲਾਗੂ ਕੀਤੀਆਂ ਜਾਂਦੀਆਂ ਹਨ:

1. ਗਾਈਡਲਾਈਨਜ਼ ਮੁਤਾਬਿਕ 50% ਗੈਰ-ਅਧਿਆਪਨ ਸਟਾਫ ਦਫ਼ਤਰ ਵਿੱਚ ਹਾਜ਼ਰ ਹੋਵੇਗਾ ਅਤੇ ਬਾਕੀ 50% ਸਟਾਫ ਘਰ ਬੈਠ ਕੇ ਆਨ-ਲਾਈਨ ਦਫ਼ਤਰੀ ਕੰਮ ਕਰੇਗਾ (ਜਿਸ ਸਬੰਧੀ ਬ੍ਰਾਂਚ ਦਾ ਮੁਖੀ/ਇੰਚਾਰਜ ਸਬੰਧਿਤ ਕਰਮਚਾਰੀ ਦੀ ਜਿੰਮੇਵਾਰੀ ਨਿਰਧਾਰਿਤ ਕਰੇਗਾ। ਵਿਭਾਗੀ ਕੰਮ ਨੂੰ ਦੇਖਦੇ ਹੋਏ ਵਿਭਾਗ ਦੇ ਮੁਖੀ ਵਲੋਂ ਉਨ੍ਹਾਂ ਨੂੰ ਦਫ਼ਤਰੀ ਸਮੇਂ ਦੌਰਾਨ ਦਫ਼ਤਰ ਵਿਖੇ ਬੁਲਾਇਆ ਜਾ ਸਕਦਾ ਹੈ।

2. ਜਿਹੜਾ ਵੀ ਸਟਾਫ ਡਿਊਟੀ ਉਤੇ ਹਾਜ਼ਰ ਹੋਵੇਗਾ ਉਸਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਦੁਆਰਾ ਕੋਵਿਡ-19 ਨਾਲ ਸਬੰਧਤ ਦਿਸ਼ਾ-ਨਿਰਦੇਸ਼, ਜੋ ਕਿ ਹੇਠ ਲਿਖੇ ਅਨੁਸਾਰ ਹਨ, ਦੀ ਇੰਨ-ਬਿੰਨ ਪਾਲਣਾ ਕਰਨੀ ਹੋਵੇਗੀ:

   i) ਹਰ ਅਧਿਕਾਰੀ/ਕਰਮਚਾਰੀ ਨੂੰ ਮਾਸਕ ਪਾਉਣਾ, ਥੋੜੇ-ਥੋੜੇ ਸਮੇਂ ਤੇ ਹੱਥਾਂ ਨੂੰ ਧੋਣਾ/ਸੈਨੇਟਾਈਜ਼ ਕਰਨਾ ਅਤੇ ਸਾਫ-ਸਫਾਈ ਦਾ ਖਾਸ ਖਿਆਲ ਰੱਖਣਾ।

   ii) Social Distancing ਬਰਕਰਾਰ ਰੱਖਣੀ।

   iii) ਯੂਨੀਵਰਸਿਟੀ ਕੈਂਪਸ/ਰਿਜ਼ਨਲ ਸੈਂਟਰਜ਼/ਨੇਬਰਹੁੱਡ ਕੈਂਪਸਿਜ਼/ਕਾਂਸਟੀਚੂਐਂਟ ਕਾਲਜਾਂ ਵਿਖੇ ਕੰਮ ਕਰਦਾ ਅਮਲਾ/ਸਟਾਫ ਮੈਂਬਰ ਭੀੜ ਇੱਕਠੀ ਨਹੀਂ ਕਰਨਗੇ।

3. ਹਾਲ ਦੀ ਘੜੀ ਪਬਲਿਕ ਡੀਲਿੰਗ ਕੇਵਲ Online Mode/E-Mail ਰਾਹੀਂ ਹੀ ਕੀਤੀ ਜਾਵੇਗੀ। ਇਸ ਲਈ ਸੁਰੱਖਿਆ ਅਮਲਾ ਇਹ ਯਕੀਨੀ ਬਣਾਉਣਗੇ ਕਿ ਯੂਨੀਵਰਸਿਟੀ ਅਧਿਆਪਕਾਂ ਕਰਮਚਾਰੀਆਂ (ਯੂਨੀਵਰਸਿਟੀ ਕੈਂਪਸ ਨਿਵਾਸੀਆਂ ਸਮੇਤ) ਤੋਂ ਇਲਾਵਾ ਕਿਸੇ ਹੋਰ ਬਾਹਰਲੇ ਵਿਅਕਤੀ ਨੂੰ ਯੂਨੀਵਰਸਿਟੀ ਕੈਂਪਸ ਅੰਦਰ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ।

4. ਯੂਨੀਵਰਸਿਟੀ ਕੈਂਪਸ/ਰਿਜ਼ਨਲ ਸੈਂਟਰਜ਼/ਨੇਬਰਹੁੱਡ ਕੈਂਪਸਿਜ਼/ਕਾਂਸਟੀਚੂਐਂਟ ਕਾਲਜਾਂ ਦੇ ਕਰਮਚਾਰੀ ਆਪਣੀਆਂ ਸੀਟਾਂ ਉੱਤੇ ਬੈਠ ਕੇ ਇਸ ਤਰ੍ਹਾਂ ਕੰਮ ਕਰਨਗੇ ਤਾਂ ਜੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ Social Distancing maintain ਹੋ ਸਕੇ। COVID-19 ਦੀ ਸਮੱਸਿਆ ਨੂੰ ਦੇਖਦੇ ਹੋਏ ਕਰਮਚਾਰੀ ਇੱਕਠੇ ਹੋ ਕੇ ਕਿਸੇ ਦੂਸਰੇ ਵਿਭਾਗਾਂ/ਬ੍ਰਾਂਚਾਂ/ਦਫ਼ਤਰਾਂ ਵਿਖੇ ਨਹੀਂ ਜਾਣਗੇ ਤਾਂ ਜੋ ਸਮੇਂ-ਸਮੇਂ ਤੇ ਉਪਰੋਕਤ ਸਬੰਧੀ ਜਾਰੀ ਗਾਈਡਲਾਈਨਜ਼ ਦੀ ਪਾਲਣਾ ਹੋ ਸਕੇ।

5. ਕਾਰਜਕਾਰੀ ਇੰਜੀਨੀਅਰ ਅਤੇ ਐਸ.ਡੀ.ਓ. ਦੁਆਰਾ ਯੂਨੀਵਰਸਿਟੀ ਦੇ ਸਾਰੇ ਵਿਭਾਗਾਂ/ਬ੍ਰਾਂਚਾਂ/ਦਫ਼ਤਰਾਂ ਨੂੰ ਸਮੇਂ-ਸਮੇਂ ਤੇ ਜਾਰੀ ਗਾਈਡਲਾਈਨਜ਼ ਦੀ ਲੋਅ ਵਿੱਚ ਸੈਨੀਟਾਈਜ਼ ਕੀਤਾ ਜਾਵੇਗਾ। ਸਬੰਧਿਤ ਵਿਭਾਗਾਂ/ਬ੍ਰਾਂਚਾਂ/ਦਫ਼ਤਰਾਂ ਦੇ ਅਧਿਕਾਰੀ ਇਹ ਯਕੀਨੀ ਬਣਾਉਣਗੇ ਕਿ ਯੂਨੀਵਰਸਿਟੀ ਦੇ ਵਿਭਾਗਾਂ/ਬ੍ਰਾਂਚਾਂ/ਦਫ਼ਤਰਾਂ ਵਿੱਚ ਸਾਫ-ਸਫਾਈ ਦਾ ਉੱਚਿਤ ਪ੍ਰਬੰਧ ਹੋਵੇ। ਸਬੰਧਿਤ ਐਸ.ਡੀ.ਓ. ਯਕੀਨੀ ਬਣਾਉਣਗੇ ਕਿ ਵੱਖ-ਵੱਖ ਵਿਭਾਗਾਂ/ਬ੍ਰਾਂਚਾਂ/ਦਫ਼ਤਰਾਂ ਦੇ Washroom/Toilets ਦੀ Approved Disinfectants ਨਾਲ ਰੈਗੂਲਰ ਤੌਰ ਤੇ ਸਫਾਈ ਕੀਤੀ ਜਾਵੇ।

6. ਯੂਨੀਵਰਸਿਟੀ ਅਤੇ ਇਸ ਦੇ ਬਾਹਰਲੇ ਕੇਂਦਰਾਂ ਵਿਖੇ ਪੰਜਾਬ ਸਰਕਾਰ ਦੁਆਰਾ ਜਾਰੀ ਗਾਈਡਲਾਈਨਜ਼ ਮੁਤਾਬਿਕ Cr.PC ਦੇ ਸੈਕਸ਼ਨ 144 ਅਧੀਨ ਕਿਸੇ ਵੀ ਕਿਸਮ ਦੀ Social, Political, Religious Gathering, Protests and Demonstrations ਦੀ ਸਖ਼ਤ ਮਨਾਹੀ ਹੋਵੇਗੀ।

ਉਪਰੋਕਤ ਗਾਈਡਲਾਈਨਜ਼ ਅਧੀਨ Essential Services (ਸਿਹਤ, ਸੁਰੱਖਿਆ ਅਤੇ ਸਫ਼ਾਈ) ਨਾਲ ਸਬੰਧਤ ਅਮਲਾ ਯੂਨੀਵਰਸਿਟੀ ਵਿਖੇ ਹਾਜ਼ਰ ਰਹੇਗਾ।

ਯੂਨੀਵਰਸਿਟੀ ਕੈਂਪਸ/ਰਿਜ਼ਨਲ ਸੈਂਟਰਜ਼/ਨੇਬਰਹੁੱਡ ਕੈਂਪਸਿਜ਼/ਕਾਂਸਟੀਚੂਐਂਟ ਕਾਲਜਾਂ ਦੇ ਸਮੂਹ ਅਧਿਆਪਕਾਂ/ਕਰਮਚਾਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਵਿਡ-19 ਦੀ ਸਥਿਤੀ ਨੂੰ ਦੇਖਦੇ ਹੋਏ ਸਮੇਂ-ਸਮੇਂ ਤੇ ਜਾਰੀ ਗਾਈਡਲਾਈਨਜ਼ ਅਤੇ ਉਪਰੋਕਤ ਦਰਸਾਈਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਯੂਨੀਵਰਸਿਟੀ ਕੈਂਪਸ ਦੇ ਵੱਖ-ਵੱਖ ਵਿਭਾਗਾਂ/ਦਫਤਰਾਂ/ਬ੍ਰਾਂਚਾਂ ਅਤੇ ਰਿਜ਼ਨਲ ਸੈਂਟਰਜ਼/ਨੇਬਰਹੁੱਡ ਕੈਂਪਸਿਜ਼ ਕਾਂਸਟੀਚੂਐਂਟ ਕਾਲਜਾਂ ਦੇ ਮੁਖੀ/ਅਧਿਕਾਰੀ/ਇੰਚਾਰਜ/ਪ੍ਰਿੰਸੀਪਲ ਸਾਹਿਬਾਨ ਇਨ੍ਹਾਂ ਆਦੇਸ਼ਾਂ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਉਣਗੇ।

ਇਹ ਆਦੇਸ਼ ਪੱਤਰ ਜਾਰੀ ਹੋਣ ਦੀ ਮਿਤੀ ਤੋਂ 30-09-2020 ਤੱਕ ਲਾਗੂ ਰਹਿਣਗੇ।

Gursat
04.09.2020

ਡੀਨ, ਅਕਾਦਮਿਕ ਮਾਮਲੇ

ਉਤਾਰਾ:

ਸਮੂਹ ਮੁਖੀ/ਇੰਚਾਰਜ/ਪ੍ਰਿੰਸੀਪਲ ਸਾਹਿਬਾਨ,
ਯੂਨੀਵਰਸਿਟੀ ਕੈਂਪਸ/ਰਿਜ਼ਨਲ ਸੈਂਟਰਜ਼/
ਨੇਬਰਹੁੱਡ ਕੈਂਪਸਿਜ਼/ਕਾਂਸਟੀਚੂਐਂਟ ਕਾਲਜਿਜ਼